CAREERINDIA

# ਪੰਜਾਬੀ-004

## Class-X (ਦਸਵੀਂ)

# MARKING SCHEME (ਉੱਤਰ-ਕੁੰਜੀ)

## ਸੈਸ਼ਨ 2024-2025

**Time Allowed: 03 Hours** — **Maximum Marks: 80**

**ਸਮਾਂ: 03 ਘੰਟੇ** — **ਕੁੱਲ ਅੰਕ: 80**

## ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6**

**1. ਪੈਰੇ ਦੇ ਆਧਾਰ 'ਤੇ ਹੇਠਲੇ ਉੱਤਰ ਸਹੀ ਹਨ :**

(i) ਕੀਟ-ਨਾਸਿਕ ਜ਼ਹਿਰਾਂ ਨਾਲ਼ ਭਰੀਆਂ ਕਿਹੜੀਆਂ ਚੀਜ਼ਾਂ ਖਾ ਕੇ ਚਿੜੀਆਂ ਮਰ ਰਹੀਆਂ ਹਨ ?

(D) ਸੁੰਡੀਆਂ

(ii) ਇੱਕ ਚਿੜੀ ਆਪਣੇ ਆਲ੍ਹਣੇ ਵਿੱਚ ਆਂਡਿਆਂ ਰਾਹੀਂ ਕਿੰਨੇ ਬੱਚਿਆਂ ਨੂੰ ਜਨਮ ਦਿੰਦੀ ਹੈ ?

(A) 2 ਤੋਂ 4

(iii) ਅੱਜ ਦੇ ਬੱਚਿਆਂ ਲਈ ਚਿੜੀ ਕੀ ਬਣ ਗਈ ਹੈ ?

(C) ਬੁਝਾਰਤ

(iv) ਬਿਜੜੇ ਦੀ ਜਨ-ਸੰਖਿਆ ਵਿੱਚ ਕਿੰਨੇ ਪ੍ਰਤੀਸ਼ਤ (%) ਦੀ ਕਮੀ ਆਈ ਹੈ ?

(D) 75

(v) ਤਿਲ, ਬਾਜਰਾ, ਚਰ੍ਹੀ, ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ਼ ਤੇ ਸਰਕੰਡੇ ਖ਼ਤਮ ਹੋਣ ਕਾਰਨ ਕਿਹੜਾ ਪੰਛੀ ਅਲੋਪ ਹੋ ਗਿਆ ਹੈ ?

(B) ਬਿਜੜਾ

(vi) ਫ਼ਸਲ ਕੱਟਣ ਤੋਂ ਬਾਅਦ ਪਰਾਲ਼ੀ ਨੂੰ ਸਾੜ ਕੇ ਖੇਤ ਸਾਫ਼ ਕਰਨ ਦਾ ਰੁਝਾਨ ਕਦੋਂ ਸ਼ੁਰੂ ਹੋਇਆ ?

(D) 1999-2000

www.careerindia.com

**2.** **ਕਾਵਿ-ਟੁਕੜੀ ਦੇ ਆਧਾਰ 'ਤੇ ਹੇਠ ਲਿਖੇ ਸੰਭਾਵੀ ਉੱਤਰ ਹੋ ਸਕਦੇ ਹਨ :** **4X1=4**

(i) ਪਹਿਲਗਾਮ ਦੀ ਸੁੰਦਰ ਵਾਦੀ, ਕਿਸ ਨਾਲ਼ ਸ਼ਿੰਗਾਰੀ ਹੋਈ ਹੈ ?

ਉੱਤਰ: ਚੀਲਾਂ ਨਾਲ਼

(ii) ਉੱਥੇ ਕਿੰਨੀਆਂ ਨਦੀਆਂ ਵਗਦੀਆਂ ਹਨ ?

ਉੱਤਰ: ਦੋ ਨਦੀਆਂ

(iii) ਚਾਰ ਚੁਫੇਰੇ ਉੱਚੇ ਪਰਬਤ ਕਿਸ ਚੀਜ਼ ਨਾਲ਼ ਕੱਜੇ ਹੋਏ ਹਨ ?

ਉੱਤਰ: ਘਾਹਾਂ ਦੇ ਨਾਲ਼

(iv) ਕਵੀ ਵਾਦੀ ਵਿੱਚ ਕਿਸ ਵਾਂਗ ਘੁੰਮਦਾ ਹੈ ?

ਉੱਤਰ: ਸੁਗੰਧੀ ਵਾਂਗ

## ਭਾਗ-II ਵਿਆਕਰਨ (Part-II Grammar) 12

**3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)** **2X1=2**

(i) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ **ਨਹੀਂ** ਹੈ ?

(A) ਵਿਆਹ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਾਂਵ+ਨਾਂਵ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?

(D) ਹਥਕੜੀ

(iii) 'ਧਰਮ-ਕਰਮ' ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

(B) ਧਰਮ ਅਤੇ ਕਰਮ

**4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)** **2X1=2**

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਗੁਫ਼ਾ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀ ਹੈ ?

(D) ਟੋਆ

(ii) ਫਿਰ ਉਹ ਪੈਲ਼ੀ ਦੀ ........... ਤੋਂ ਲੜ ਪਏ। ਹਿੰਮਤ ਨੂੰ ਬੜਾ............. ਚੜ੍ਹਿਆ। ਉਸ ਨੇ ਪ੍ਰੀਤਮ ਨੂੰ .............. ਕੇ ਚਪੇੜ ਮਾਰ ਦਿੱਤੀ। ਪ੍ਰੀਤਮ ਦੜ ..............ਕੇ ਰਹਿ ਗਿਆ।

(B) ਵੱਟ

(iii) 'ਵਾਰ' ਦਾ ਇੱਕ ਅਰਥ ਹੈ; 'ਹਮਲਾ ਕਰਨਾ' ਹੋਰ ਅਰਥ ਹੈ/ਹਨ:

(D) ਉਪਰੋਕਤ ਸਾਰੇ ਹੀ

www.careerindia.com

5. **ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)** **2X1=2**

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(B) ਉੱਤੇ, ਅੰਦਰ, ਬਾਹਰ

(ii) ਵਿਆਕਰਨ ਅਨੁਸਾਰ ਕਿਰਿਆ-ਵਿਸ਼ੇਸ਼ਣ ਕਿੰਨੀ ਕਿਸਮ ਦੇ ਹੁੰਦੇ ਹਨ ?

(D) ਅੱਠ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਰਾਜਨ ਹਰ ਗੱਲ ਦਾ ਜਵਾਬ ਬਾਦਲੀਲ ਦਿੰਦਾ ਹੈ ।

(C) ਬਾਦਲੀਲ

6. **ਅਗੇਤਰ-ਪਿਛੇਤਰ:** **1+1=2**

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਪ, ਪਰ

ਉੱਤਰ: ਅਪ: ਅਪਜਸ, ਅਪਮਾਨ, ਅਪਵਾਦ

ਪਰ: ਪਰਉਪਕਾਰ, ਪਰਤੰਤਰ, ਪਾਰਲੋਕ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਹਟ, ਲਾ

ਉੱਤਰ: ਹਟ: ਗੁਣਗੁਣਾਹਟ, ਘਬਰਾਹਟ, ਮੁਸਕੁਰਾਹਟ

ਲਾ: ਅਖੀਰਲਾ, ਅੰਤਲਾ, ਮੁਢਲਾ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **4X1=4**

(i) ਝੱਗ ਛੱਡਣਾ: ਜੀਤਾ ਕਦੇ ਵੀ ਚੁੱਪ ਨਹੀਂ ਕਰਦਾ ਹਰ ਸਮੇਂ ਝੱਗ ਛੱਡਦਾ ਰਹਿੰਦਾ ਹੈ ।

(ii) ਖਾਣ ਨੂੰ ਪੈਣਾ: ਕੁਲਦੀਪ ਜਦੋਂ ਦਾ ਬਿਮਾਰ ਰਹਿਣ ਲੱਗਿਆ ਹੈ, ਗੱਲ-ਗੱਲ 'ਤੇ ਖਾਣ ਨੂੰ ਪੈਂਦਾ ਹੈ ।

(iii) ਘੋਗਾ ਚਿੱਤ ਕਰਨਾ: ਕੁਝ ਲੋਕਾਂ ਨੂੰ ਓਦੋਂ ਤੱਕ ਚੈਨ ਨਹੀਂ ਮਿਲ਼ਦਾ ਜਦ ਤੱਕ ਆਪਣੇ ਦੁਸ਼ਮਣ ਦਾ ਘੋਗਾ ਚਿੱਤ ਨਹੀਂ ਕਰ ਲੈਂਦੇ ।

(iv) ਚਿਹਰਾ ਉਤਰ ਜਾਣਾ: ਚੋਣਾਂ ਵਿੱਚ ਹਾਰ ਹੋ ਜਾਣ ਦਾ ਪਤਾ ਲੱਗਣ 'ਤੇ ਉਮੀਦਵਾਰ ਦਾ ਚਿਹਰਾ ਉਤਰ ਗਿਆ ।

(v) ਛੱਜ ਵਿੱਚ ਪਾ ਕੇ ਛੱਟਣਾ: ਪ੍ਰੀਤ ਨੂੰ ਛੋਟੀਆਂ-ਛੋਟੀਆਂ ਗੱਲਾਂ ਨੂੰ ਵੀ ਛੱਜ ਵਿੱਚ ਪਾ ਕੇ ਛੱਟਣ ਦੀ ਆਦਤ ਹੈ ।

(vi) ਜੀਅ ਭਰ ਜਾਣਾ: ਹੁਣ ਹੋਰ ਕੁਝ ਵੀ ਖਾਣ ਦੀ ਇੱਛਾ ਨਹੀਂ ਹੈ, ਜੀਅ ਭਰ ਗਿਆ ਹੈ ।



www.careerindia.com

CAREERINDIA

## ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8=8

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਭੂਮਿਕਾ: | 1 ਅੰਕ |
| ਪੇਸ਼ਕਾਰੀ: | 2 ਅੰਕ |
| ਵਿਸ਼ੇ ਦਾ ਗਿਆਨ: | 3 ਅੰਕ |
| ਸ਼ਬਦ-ਚੋਣ: | 1 ਅੰਕ |
| ਸ਼ਬਦ-ਜੋੜ: | 1 ਅੰਕ |

9. ਤੁਹਾਡੇ ਇਲਾਕੇ ਦੇ ਬੈਂਕ ਵਿੱਚ ਲੱਗਿਆ ਏ.ਟੀ.ਐੱਮ ਜ਼ਿਆਦਾਤਰ ਖ਼ਰਾਬ ਹੀ ਰਹਿੰਦਾ ਹੈ, ਬਰਾਂਚ ਦੇ ਮੈਨੇਜਰ ਨੂੰ ਇਸ ਸਮੱਸਿਆ ਸੰਬੰਧੀ ਸ਼ਿਕਾਇਤ-ਪੱਤਰ ਲਿਖੋ ।

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ । 1X6=6

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਅਰੰਭਲਾ ਭਾਗ: | 2 ਅੰਕ |
| ਵਿਚਕਾਰਲਾ ਭਾਗ: | 3 ਅੰਕ |
| ਅੰਤਲਾ ਭਾਗ: | 1 ਅੰਕ |

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 1X4=4

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ, ਬਣਦੇ ਅੰਕ ਦਿੱਤੇ ਜਾਣ ।

**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**

ਤੁਹਾਡੇ ਸਕੂਲ ਵਿੱਚ ਪੀਣ ਵਾਲ਼ੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ ।

ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ । ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ ।

www.careerindia.com

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**( IV. Text Books based questions)** **5+5+4+14+8+4=40**

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): 5X1=5**

(i) 'ਘਰ ਦਾ ਪਿਆਰ' ਲੇਖ ਅਨੁਸਾਰ ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਕੀ ਪੈਦਾ ਹੋ ਜਾਂਦਾ ਹੈ ?

ਉੱਤਰ: (B) ਗ਼ੈਰ-ਜ਼ੁੰਮੇਵਾਰੀ ਵਾਲ਼ਾ ਵਤੀਰਾ

(ii) 'ਬਾਬੇ ਪੁਨੂੰ' ਨੂੰ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸ ਨੇ ਬੇਨਤੀ ਕੀਤੀ ?

ਉੱਤਰ: (C)ਚੌਧਰੀ ਚੜ੍ਹਤ ਸਿੰਘ ਨੇ

(iii) 'ਬੋਲੀ' ਲੇਖ ਵਿੱਚ ਲੇਖਕ ਨੇ ਬੋਲੀ ਨੂੰ ਕੀ ਆਖਿਆ ਹੈ ?

ਉੱਤਰ: (A) ਮਹਿੰਗੀ ਤੇ ਪਿਆਰੀ ਵਿਰਾਸਤ

(iv) 'ਧਰਤੀ ਹੇਠਲਾ ਬਲ਼ਦ' ਕਹਾਣੀ ਦੇ ਲੇਖਕ ਦਾ ਨਾਮ ਦੱਸੋ।

ਉੱਤਰ: (A) ਕੁਲਵੰਤ ਸਿੰਘ ਵਿਰਕ

(v) 'ਕੁਲਫ਼ੀ' ਕਹਾਣੀ ਵਿੱਚ ਕਾਕੇ ਅਨੁਸਾਰ ਟਕੇ ਦਾ ਕੀ ਆਉਂਦਾ ਹੈ ?

ਉੱਤਰ: (C) ਮੁਰਮੁਰਾ

(vi) ਅੰਗ-ਸੰਗ' ਕਹਾਣੀ ਵਿੱਚ ਮਹਿੰਦਰ ਸਿੰਘ ਕੌਣ ਹੈ ?

ਉੱਤਰ: (A) ਅਮਰੀਕ ਸਿੰਘ ਦਾ ਭਰਾ

12. **ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ): 5X1=5**

(i) 'ਜੰਗ ਦਾ ਹਾਲ' ਰਚਨਾ ਦੇ ਰਚਨਾਕਾਰ ਕੌਣ ਹਨ ?

ਉੱਤਰ: (D) ਸ਼ਾਹ ਮੁਹੰਮਦ

(ii) 'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?

ਉੱਤਰ: (C) ਪਰਮਾਤਮਾ ਦੀ

(iii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿਚ 'ਕਿਲਵਿਖ' ਸ਼ਬਦ ਦਾ ਕੀ ਅਰਥ ਹੈ ?

ਉੱਤਰ: (A) ਪਾਪ

(iv) 'ਜ਼ਫ਼ਰਨਾਮਾ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ ?

ਉੱਤਰ: (C) ਡਾ. ਹਰਚਰਨ ਸਿੰਘ

(v) 'ਦੂਜਾ ਵਿਆਹ' ਇਕਾਂਗੀ ਵਿੱਚ 'ਨਿਹਾਲ ਕੌਰ' ਕੌਣ ਹੈ ?

ਉੱਤਰ: (D) ਉਪਰੋਕਤ ਸਾਰੇ ਹੀ ਠੀਕ ਹਨ

(vi) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?

ਉੱਤਰ: (D) ਗੁਰੂ ਗੋਬਿੰਦ ਸਿੰਘ ਜੀ

www.careerindia.com

CAREERINDIA

13.**ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :**

**4X1=4**

(i) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ 'ਲਟੈਣ' ਸ਼ਬਦ ਦਾ ਕੀ ਅਰਥ ਹੈ ?

ਉੱਤਰ: ਸ਼ਤੀਰੀ/ਵੱਡਾ ਸ਼ਤੀਰ

(ii) ਬੋਲੀ ਦਾ ਖ਼ਜ਼ਾਨਾ ਕਿਹੜੇ ਚੌਗਿਰਦੇ ਵਿੱਚੋਂ ਜੁੜਨਾ ਸ਼ੁਰੂ ਹੁੰਦਾ ਹੈ ?

ਉੱਤਰ: ਬਚਪਨ ਦੇ

(iii) 'ਘਰ ਦਾ ਪਿਆਰ' ਲੇਖ ਅਨੁਸਾਰ ਧਰਮ ਘਰਾਂ ਵਿੱਚੋਂ ਨਿਕਲ ਕੇ ਕਿੱਥੇ ਆ ਗਿਆ ਹੈ ?

ਉੱਤਰ: ਬਜ਼ਾਰਾਂ ਵਿੱਚ

(iv) ਕਾਕਾ ਨੇ ਸ਼ਾਹ ਜੀ ਦੇ ਮੁੰਡੇ ਤੋਂ ਕੀ ਖੋਹਿਆ ?

ਉੱਤਰ: ਕੁਲਫ਼ੀ

(v) ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

ਉੱਤਰ: ਠੱਠੀ ਖਾਰਾ

14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :**

**7X2=14**

(i) '**ਘਰ ਦਾ ਪਿਆਰ**' ਲੇਖ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਮਾਤਾ ਨਾਲ ਮਿਲਾਪ ਦਾ ਕਿਹੋ-ਜਿਹਾ ਪੇਸ਼ ਦ੍ਰਿਸ਼ ਕੀਤਾ ਹੈ ?

ਉੱਤਰ: ਦੇਸ-ਵਿਦੇਸ ਦੀ ਯਾਤਰਾ ਤੋਂ ਬਾਅਦ ਪਿੰਡੋਂ ਬਾਹਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਤਾ ਜੀ ਮਿਲੇ ਤਾਂ ਮਾਤਾ ਜੀ ਭਾਵੁਕ ਹੋ ਗਏ ਤੇ ਉਹਨਾਂ ਦੇ ਮੂੰਹੋਂ ਨਿਕਲੇ ਮਮਤਾ ਭਰੇ ਸ਼ਬਦ, ਦ੍ਰਿਸ਼ ਨੂੰ ਬੜਾ ਕਰੁਣਾਮਈ ਤੇ ਰੋਮਾਂਚਕਾਰੀ ਬਣਾਉਂਦੇ ਹਨ ।

(ii) ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ।

ਉੱਤਰ: ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਰਦਾ ਹੈ ਕਿਉਂਕਿ ਉਸ ਦੀ ਪੜ੍ਹਾਈ ਭਾਵੇਂ ਆਪਣੇ ਪਿਤਾ ਨਾਲੋਂ ਕਈ ਗੁਣਾਂ ਵੱਧ ਸੀ ਪਰ ਉਸ ਦੀ ਆਮਦਨ ਆਪਣੇ ਪਿਤਾ ਨਾਲੋਂ ਬਹੁਤ ਘੱਟ ਸੀ।

(iii) ਕੀ ਕਰਮ ਸਿੰਘ ਦੇ ਬਾਪੂ ਦਾ ਮਾਨ ਸਿੰਘ ਤੋਂ ਕਰਮ ਸਿੰਘ ਦੀ ਮੌਤ ਦੀ ਗੱਲ ਛੁਪਾਉਣਾ ਠੀਕ ਹੈ ? ਆਪਣੇ ਵਿਚਾਰ ਪ੍ਰਗਟ ਕਰੋ।

ਉੱਤਰ: ਵਿਦਿਆਰਥੀ ਆਪਣੀ ਸੋਚ ਮੁਤਾਬਕ ਉੱਤਰ ਦੇਣਗੇ।

www.careerindia.com

(iv) ਕੀ ਮਨਜੀਤ ਦੀ ਸੱਸ ਨਿਹਾਲ ਕੌਰ ਦੀ ਸੋਚ ਉਸ ਦੇ ਸਮੇਂ ਮੁਤਾਬਕ ਸਹੀ ਹੈ ? ਆਪਣੇ ਉੱਤਰ ਦੇ ਹੱਕ ਵਿੱਚ ਇਕਾਂਗੀ ਦੇ ਆਧਾਰ 'ਤੇ ਦਲੀਲ ਦਿਓ।

ਉੱਤਰ: ਵਿਦਿਆਰਥੀ ਆਪਣੀ ਸੋਚ ਮੁਤਾਬਕ ਉੱਤਰ ਦੇਣਗੇ।

(v) ਜ਼ਫ਼ਰਨਾਮਾ ਇਕਾਂਗੀ ਵਿੱਚ ਕਿਹੜੇ-ਕਿਹੜੇ ਪਾਤਰ ਹਨ ?

ਉੱਤਰ: ਜ਼ਫ਼ਰਨਾਮਾ ਇਕਾਂਗੀ ਵਿੱਚ ਕੁੱਲ ਪੰਜ ਪਾਤਰ ਹਨ : ਔਰੰਗਜ਼ੇਬ ਜੋ ਕਿ ਸ਼ਹਿਨਸ਼ਾਹ ਹੈ, ਉਸ ਦੀ ਪੁੱਤਰੀ ਜੀਨਤ ਉਨ ਨਿਸ਼ਾ ਅਤੇ ਪਤਨੀ ਬੇਗਮ ਉਦੈਪੁਰੀ। ਇਸ ਤੋਂ ਇਲਾਵਾ ਅਸਦ ਖਾਨ ਅਤੇ ਸ਼ਾਹੀ ਹਕੀਮ ਇਸ ਇਕਾਂਗੀ ਦੇ ਪਾਤਰ ਹਨ ।

(vi) ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵੱਧ ਗਈਆਂ ਹਨ ?

ਉੱਤਰ: ਆਪਣੇ ਲੰਮੇ ਫਾਸਲੇ ਲਈ ਕਾਰਾਂ, ਗੱਡੀਆਂ ਤੇ ਬੱਸਾਂ ਉਸ ਦੀ ਮਜਬੂਰੀ ਬਣ ਗਈਆਂ ਹਨ। ਜਿਹੜੇ ਤੁਰਨ ਦੇ ਮੌਕੇ ਮਨੁੱਖ ਨੂੰ ਮਿਲਦੇ ਹਨ, ਉਹ ਉਹਨਾਂ ਤੋਂ ਵੀ ਲਾਭ ਨਹੀਂ ਉਠਾਉਂਦੇ। ਸੋ ਉਸ ਦੀਆਂ ਸਰੀਰਕ ਸਮੱਸਿਆਵਾਂ ਵੱਧ ਗਈਆਂ ਹਨ।

(vii) ਕਾਰਲਾਈਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ-ਜਿਹਾ ਸੀ ?

ਉੱਤਰ: ਕਾਰਲਾਈਲ ਆਪਣੇ ਕਮਰੇ ਵਿੱਚ ਬੰਦ ਪੜ੍ਹਦੇ ਜਾਂ ਲਿਖਦੇ ਰਹਿੰਦੇ ਸਨ। ਜਦੋਂ ਕਦੀ ਕਰਕੇ ਪਤੀ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿੱਝ ਕੇ ਉਸ ਨੂੰ ਖਾਣ ਨੂੰ ਪੈਂਦਾ ਤੇ ਅੰਦਰੋਂ ਬਾਹਰ ਕੱਢ ਦਿੰਦਾ।

(viii) "ਬੋਲੀ ਜ਼ਿੰਦਗੀ ਦੀ ਅਮੀਰੀ ਵਿੱਚੋਂ ਆਪਣੇ ਲਫ਼ਜ਼ ਚੁਣਦੀ ਹੈ।" ਇਸ ਵਾਕ ਦੀ ਪੁਸ਼ਟੀ ਕਰੋ।

ਉੱਤਰ: ਇਹ ਬਿਲਕੁਲ ਸਹੀ ਹੈ ਬੋਲੀ ਵਿੱਚ ਸਮੋਇਆ ਹੋਇਆ ਹਰ ਇੱਕ ਸ਼ਬਦ ਕਿਸੇ ਤਜਰਬੇ ਦਾ ਹਿੱਸਾ ਅਤੇ ਤਜਰਬਾ ਕਿਸੇ ਅਕਲ ਦਾ ਹਿੱਸਾ ਹੁੰਦਾ ਹੈ। ਤਜਰਬਾ ਅਤੇ ਅਕਲ ਹੀ ਜ਼ਿੰਦਗੀ ਦੀ ਅਮੀਰੀ ਹੈ, ਜਿਸ ਵਿੱਚੋਂ ਬੋਲੀ ਨੇ ਆਪਣੇ ਸ਼ਬਦ ਚੁਣੇ ਹਨ।

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) :**

**2X4=8**

(i) ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ, ਚਾਨਣ ਹੋ ਜਾਣ ਅਤੇ ਤਾਰੇ ਛੁਪਣ ਤੋਂ ਕੀ ਭਾਵ ਹੈ ?

ਉੱਤਰ: ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ ਅਤੇ ਚਾਨਣ ਹੋ ਜਾਣ ਤੋਂ ਭਾਵ ਹੈ ਕਿ ਜਗਤ ਵਿੱਚੋਂ ਅਗਿਆਨਤਾ ਰੂਪੀ ਧੁੰਦ ਮਿਟ ਗਈ ਹੈ ਤੇ ਗਿਆਨ ਰੂਪੀ ਚਾਨਣ ਹੋ ਗਿਆ ਹੈ। ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ਼ ਤਾਰੇ ਅਲੋਪ ਹੋ ਜਾਂਦੇ ਹਨ ਉਸੇ ਤਰ੍ਹਾਂ ਪਖੰਡੀ ਅਲੋਪ ਹੋ ਗਏ ਹਨ ਤੇ ਭਰਮ-ਜਾਲ਼ ਹਟ ਗਿਆ ਹੈ।

ਜਾਂ

www.careerindia.com

(ii) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਮਨੁੱਖ ਪਰਮਾਤਮਾ ਨਾਲ਼ ਕਿਹੜੇ-ਕਿਹੜੇ ਰਿਸ਼ਤਿਆਂ ਨਾਲ਼ ਜੁੜਿਆ ਹੋਇਆ ਹੈ ?

ਉੱਤਰ: ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਨਾਲ ਹੀ ਸਾਰੇ ਰਿਸ਼ਤੇ ਸਥਾਪਿਤ ਕਰਦੇ ਹਨ। ਉਹ ਪਰਮਾਤਮਾ ਨਾਲ਼ ਮਾਤਾ, ਪਿਤਾ ਅਤੇ ਭਰਾ ਦੇ ਰਿਸ਼ਤੇ ਸਥਾਪਿਤ ਕਰਕੇ ਸਤਿਕਾਰ ਪ੍ਰਗਟ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਪਰਮਾਤਮਾ ਮਨੁੱਖ ਲਈ ਸਭ ਕੁਝ ਹੈ। ਉਸ ਤੋਂ ਬਿਨਾਂ ਇਸ ਸੰਸਾਰ ਵਿੱਚ ਮਨੁੱਖ ਦਾ ਹੋਰ ਕੋਈ ਸਹਾਰਾ ਨਹੀਂ ਬਣ ਸਕਦਾ।

(iii) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

ਉੱਤਰ: ਤੁਰਨ ਵਾਲ਼ਾ ਵਿਅਕਤੀ ਆਪਣੇ-ਆਪ ਨੂੰ ਕੁਦਰਤ ਦੇ ਹਵਾਲੇ ਕਰ ਦਿੰਦਾ ਹੈ। ਤੁਰਨ ਨਾਲ਼ ਸਾਡਾ ਪ੍ਰਕਿਰਤੀ ਨਾਲ਼ ਨਾਤਾ ਜੁੜਦਾ ਹੈ। ਇਹ ਨਾਤਾ ਸਾਡੇ ਮਨ ਨੂੰ ਅਮੀਰ ਤੇ ਦਿਲ ਨੂੰ ਵਿਸ਼ਾਲ ਕਰਦਾ ਹੈ। ਉਹ ਹੀ ਮਨੁੱਖ ਖੁਸ਼ ਹੋ ਸਕਦਾ ਹੈ ਜਿਨ੍ਹਾਂ ਦੀ ਪੰਛੀਆਂ, ਦਰਖਤਾਂ, ਫੁੱਲਾਂ ਅਤੇ ਘਾਹ ਨਾਲ਼ ਦੋਸਤੀ ਹੋਵੇ।

ਜਾਂ

(iv) ਲੇਖਕ ਅਨੁਸਾਰ ਵੱਡੇ-ਵੱਡੇ ਕਥੱਕੜਾਂ ਦੀ ਜ਼ਿੰਦਗੀ ਕਿਹੋ-ਜਿਹੀ ਹੁੰਦੀ ਹੈ ?

ਉੱਤਰ: ਵੱਡੇ-ਵੱਡੇ ਕਥੱਕੜ ਜੋ ਪੰਡਾਲਾਂ ਵਿਚ ਕਥਾ ਕਰਦਿਆਂ ਆਪਣੀ ਸਿਆਣਪ ਤੇ ਵਿੱਦਿਆ ਦੇ ਚਮਤਕਾਰ ਦੱਸ ਕੇ ਲੋਕਾਂ ਨੂੰ ਹੈਰਾਨ ਕਰ ਦਿੰਦੇ ਹਨ, ਅਸਲ ਵਿੱਚ ਕਿਸੇ ਵੀ ਲੋੜਵੰਦ ਲਈ ਉਹਨਾਂ ਦੇ ਦਿਲ ਵਿੱਚ ਹਮਦਰਦੀ ਨਹੀਂ ਉਮੜਦੀ। ਅਜਿਹੇ ਲੋਕ ਆਪਣੀ ਸਾਰੀ ਜ਼ਿੰਦਗੀ ਸਫ਼ਰ ਵਿੱਚ ਹੀ ਟਪਾ ਛੱਡਦੇ ਹਨ। ਉਹਨਾਂ ਵਿੱਚ ਘਰ ਦਾ ਪਿਆਰ ਨਹੀਂ ਹੁੰਦਾ ਤੇ ਉਹਨਾਂ ਦੀ ਜ਼ਿੰਦਗੀ ਰਸ ਤੋਂ ਖਾਲੀ, ਕੋਰੀ ਜਿਹੀ ਹੁੰਦੀ ਹੈ।

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ।

ਉੱਤਰ: 'ਜ਼ਫ਼ਰਨਾਮਾ ਇਕਾਂਗੀ ਅਨੁਸਾਰ ਕੋਈ ਵੀ ਹੁਕਮਰਾਨ ਮਜ਼ਬੂਤ ਹੱਥਾਂ ਅਤੇ ਪੁਖ਼ਤਾ ਇਰਾਦੇ ਨਾਲ਼ ਕਿਸੇ ਰਾਜ ਦੀਆਂ ਨੀਹਾਂ ਪੱਕੀਆਂ ਕਰਨ ਵਿੱਚ ਸਫ਼ਲ ਨਹੀਂ ਹੋ ਸਕਦਾ ਬਲਕਿ ਅਸ਼ੋਕ ਅਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ਼ ਹੀ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਇਹ ਸਭ ਕੁਝ ਸਭ ਧਰਮਾਂ ਦੇ ਲੋਕਾਂ ਦੇ ਸਤਿਕਾਰ ਕਰਨ ਨਾਲ਼ ਹੀ ਸੰਭਵ ਹੁੰਦਾ ਹੈ।

(ii) ਨਿਹਾਲ ਕੌਰ ਨੂੰ ਆਪਣੀ ਨੂੰਹ ਮਨਜੀਤ ਕੌਰ ਦੇ ਘੁੰਡ ਬਾਰੇ ਕੀ ਸ਼ਿਕਾਇਤ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ।

ਉੱਤਰ: ਨਿਹਾਲ ਕੌਰ ਨੂੰ ਲੱਗਦਾ ਹੈ ਕਿ ਉਸ ਦੀ ਨੂੰਹ ਮਨਜੀਤ ਕੌਰ ਆਪਣਾ ਘੁੰਡ ਚੱਕ ਕੇ ਮਸਤ ਗਈ ਹੈ। ਕੁੜੀਆਂ ਵਾਂਗ ਘਰੇ ਫਿਰਦੀ ਹੈ। ਨੂੰਹਾਂ ਵਾਲ਼ੀ ਕੋਈ ਗੱਲ ਨਹੀਂ ਕਰਦੀ ਤੇ ਆਪਣੇ ਸਹੁਰੇ ਸਾਹਿਬ ਮੂਹਰੇ ਵੀ ਘੁੰਡ ਨਹੀਂ ਕੱਢਦੀ। ਇਹ ਗੱਲ ਨਿਹਾਲ ਕੌਰ ਨੂੰ ਚੰਗੀ ਨਹੀਂ ਲੱਗਦੀ ਕਿਉਂਕਿ ਆਪ ਉਹ ਹਮੇਸ਼ਾਂ ਘੁੰਡ ਕੱਢ ਕੇ ਰਹਿੰਦੀ ਹੁੰਦੀ ਸੀ।



www.careerindia.com